

IWAY ਮਿਆਰ

# ਰਿਹਾਇਸ਼ ਭਾਗ

*ਆਮ ਭਾਗ ਦੀਆਂ ਵਧੀਕ ਜ਼ਰੂਰਤਾਂ ਜੋ ਰਿਹਾਇਸ਼ ਲਈ ਵਿਸ਼ੇਸ਼ ਹਨ*

ਆਮ ਭਾਗ ਵਿੱਚ ਸ਼ਾਮਲ ਹੋਰ ਸਾਰੀਆਂ ਲੋੜਾਂ *ਰਿਹਾਇਸ਼* ਅਤੇ ਸਾਂਝੀਆਂ ਸਹੂਲਤਾਂ (ਜਿਵੇਂ ਐਮਰਜੈਂਸੀ ਪ੍ਰਬੰਧਨ, ਇਮਾਰਤ ਅਤੇ ਇਲੈਕਟ੍ਰੀਕਲ ਸੁਰੱਖਿਆ) 'ਤੇ ਬਰਾਬਰੀ ਨਾਲ ਲਾਗੂ ਹੁੰਦੀਆਂ ਹਨ।

ਇਹ ਦਸਤਾਵੇਜ਼ IWAY ਮਿਆਰ ਰਿਹਾਇਸ਼ ਭਾਗ, ਸੰਸਕਰਣ 6.0 ਦਾ ਅਨੁਵਾਦ ਹੈ। ਇਹ ਅਨੁਵਾਦ ਸਿਰਫ ਜਾਣਕਾਰੀ ਦੇ ਉਦੇਸ਼ਾਂ ਲਈ ਹੈ ਅਤੇ ਇਸ ਨੂੰ ਇਕਰਾਰਨਾਮਾ ਦਸਤਾਵੇਜ਼ ਵਜੋਂ ਨਹੀਂ ਦੇਖਿਆ ਜਾ ਸਕਦਾ। ਅੰਗਰੇਜ਼ੀ ਸੰਸਕਰਣ ਇੱਕੋ-ਇੱਕ ਅਧਿਕਾਰਤ ਦਸਤਾਵੇਜ਼ ਹੈ ਅਤੇ ਵਿਆਖਿਆ ਵਿੱਚ ਅੰਤਰ, ਵਿਵਾਦ ਅਤੇ ਹੋਰ ਅਸਹਿਮਤੀਆਂ ਦੇ ਮਾਮਲੇ ਵਿੱਚ ਉਸਦਾ ਹੀ ਹਵਾਲਾ ਲਿਆ ਜਾਣਾ ਚਾਹੀਦਾ ਹੈ।

**ਸੰਸਕਰਨ 6.0 ਪ੍ਰਕਾਸ਼ਿਤ ਸਤੰਬਰ 2019 - © Inter IKEA Systems B.V. 2019**

# 3 ਬੱਚਿਆਂ ਦੀ ਰੱਖਿਆ ਕੀਤੀ ਜਾਂਦੀ ਹੈ ਅਤੇ ਕੰਮ ਕਰਨ, ਸਿੱਖਣ ਅਤੇ ਪਰਿਵਾਰਕ ਜੀਵਨ ਦੇ ਮੌਕਿਆਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ

## ਬੱਚਿਆਂ ਦੀ ਰੱਖਿਆ

ਬੁਨਿਆਦੀ (BASIC)

A 3.1 *ਰਿਹਾਇਸ਼* ਵਿੱਚ ਰਹਿਣ ਵਾਲੇ ਬੱਚਿਆਂ ਦੀ ਖਤਰਨਾਕ ਖੇਤਰਾਂ ਵਿੱਚ ਪਹੁੰਚ ਨਹੀਂ ਹੈ।

## ਪਰਿਵਾਰਕ ਜੀਵਨ ਦੇ ਮੌਕੇ

ਸ੍ਰੇਸ਼ਠ (EXCELLENT)

A 3.2 ਪਰਿਵਾਰਕ ਜੀਵਨ ਨੂੰ ਘੱਟੋ-ਘੱਟ ਹੇਠਾਂ ਦਿੱਤੇ ਦੇ ਤੌਰ 'ਤੇ ਅੱਗੇ ਵਧਾਇਆ ਜਾਂਦਾ ਹੈ:

- ਪਰਿਵਾਰਾਂ ਲਈ *ਰਿਹਾਇਸ਼* ਮੁਹੱਈਆ ਕਰਵਾਉਣੀ।
- *ਕਰਮਚਾਰੀਆਂ* ਦੇ ਬੱਚਿਆਂ ਲਈ ਸਿੱਖਿਆ ਦੇ ਮੌਕਿਆਂ ਅਤੇ ਸਕੂਲ ਤੋਂ ਬਾਅਦ ਦੇ ਪ੍ਰੋਗਰਾਮਾਂ ਦਾ ਪ੍ਰਬੰਧ ਕਰਨਾ, ਜਦੋਂ ਉਂਝ ਇਹ ਉਪਲਬਧ ਨਾ ਹੋਵੇ।
- ਬੱਚਿਆਂ ਦੇ ਖੇਡਣ ਲਈ ਸੁਰੱਖਿਅਤ ਖੇਤਰਾਂ ਦਾ ਹੋਣਾ।

# 7 ਕੰਮ ਕਰਨ ਅਤੇ ਰਹਿਣ ਦੇ ਹਾਲਾਤ ਸਹੀ ਹਨ

## ਵਸਨੀਕਾਂ ਦੇ ਅਧਿਕਾਰ

**ਲਾਜ਼ਮੀ (MUST)**

A 7.1 ਕਰਮਚਾਰੀਆਂ ਲਈ ਮਨੋਨੀਤ *ਰਿਹਾਇਸ਼* ਵਿੱਚ ਰਹਿਣਾ ਜ਼ਰੂਰੀ ਨਹੀਂ ਹੈ।

A 7.2 *ਵਸਨੀਕਾਂ* ਨੂੰ ਕਿਸੇ ਵੀ ਸਮੇਂ *ਰਿਹਾਇਸ਼* ਛੱਡਣ ਦਾ ਅਧਿਕਾਰ ਹੈ।

**ਬੁਨਿਆਦੀ (BASIC)**

A 7.3 *ਵਸਨੀਕ* ਆਪਣੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਨੂੰ ਸਮਝਦੇ ਹਨ ਅਤੇ ਉਹਨਾਂ ਨੂੰ *ਰਿਹਾਇਸ਼* ਦੇ ਨਿਯਮਾਂ ਦੀ ਇੱਕ ਕਾਪੀ ਮੁਹੱਈਆ ਕੀਤੀ ਜਾਂਦੀ ਹੈ।

A 7.4 *ਵਸਨੀਕਾਂ* ਨੂੰ ਹੋਣ ਵਾਲੇ ਸਾਰੇ *ਰਿਹਾਇਸ਼* ਖਰਚਿਆਂ ਦੇ ਨਾਲ-ਨਾਲ ਉਹਨਾਂ ਦੁਆਰਾ ਕੀਤੇ ਭੁਗਤਾਨਾਂ ਦੇ ਸਬੂਤ ਮਿਲਦੇ ਹਨ।

A 7.5 *ਰਿਹਾਇਸ਼* ਦੇ ਖਰਚੇ ਔਸਤਨ ਬਾਜ਼ਾਰ ਦੀਆਂ ਦਰਾਂ ਤੋਂ ਵੱਧ ਨਹੀਂ ਹੁੰਦੇ।

**ਅਗਾਊਂ (ADVANCED)**

A 7.6 ਸਹੂਲਤਾਂ, ਜਿਵੇਂ ਕਿ ਬੈਂਕਿੰਗ ਸੇਵਾਵਾਂ, ਖਰੀਦਦਾਰੀ ਸੇਵਾਵਾਂ ਜਾਂ ਸਿਹਤ ਸੰਭਾਲ, ਮੁਹੱਈਆ ਕੀਤੀਆ ਜਾਂਦੀਆ ਹਨ।

## ਰਿਹਾਇਸ਼

**ਬੁਨਿਆਦੀ (BASIC)**

A 7.7 *ਰਿਹਾਇਸ਼* ਠੋਸ ਉਸਾਰੀ ਵਾਲੀ ਹੁੰਦੀ ਹੈ ਅਤੇ ਇਸ ਵਿੱਚ ਕੁਦਰਤੀ ਅਤੇ ਬਣਾਉਟੀ ਰੋਸ਼ਨੀ, ਨਿਰਵਿਘਨ ਬਿਜਲੀ ਸਪਲਾਈ, ਪਾਣੀ ਦੀ ਸਪਲਾਈ, ਮੌਸਮ ਦੇ ਹਾਲਤਾਂ ਤੋਂ ਬਚਾਅ, ਹਵਾਦਾਰੀ ਅਤੇ, ਜਦੋਂ ਜਰੂਰੀ ਹੋਵੇ, ਹੀਟਿੰਗ ਹੁੰਦੀ ਹੈ।

A 7.8 *ਰਿਹਾਇਸ਼* ਇੱਕ ਅਜਿਹੀ ਇਮਾਰਤ ਵਿੱਚ ਸਥਿਤ ਨਹੀਂ ਹੁੰਦੀ ਜਿੱਥੇ ਉੱਚ-ਜੋਖਮ ਵਾਲੀਆਂ ਕਾਰਵਾਈਆਂ ਹੁੰਦੀਆਂ ਹਨ। *ਰਿਹਾਇਸ਼* ਉੱਚੀ ਆਵਾਜ਼ ਦੇ ਸਰੋਤਾਂ ਤੋਂ ਦੂਰ ਸਥਿਤ ਹੁੰਦੀ ਹੈ।

## ਰਹਿਣ ਦਾ ਨਿੱਜੀ ਸਥਾਨ

**ਬੁਨਿਆਦੀ (BASIC)**

A 7.9 ਜੇ ਇਕੋ ਇਮਾਰਤ ਵਿੱਚ ਮਰਦਾਂ ਅਤੇ ਔਰਤਾਂ ਲਈ *ਰਿਹਾਇਸ਼* ਮੁਹੱਈਆ ਕੀਤੀ ਜਾਂਦੀ ਹੈ, ਤਾਂ ਹਰੇਕ ਲਿੰਗ ਲਈ ਵੱਖਰੇ ਕਮਰੇ ਮੁਹੱਈਆ ਕੀਤੇ ਜਾਂਦੇ ਹਨ, ਜਦ ਤੱਕ ਕਿ *ਵਸਨੀਕ* ਡਬਲ ਰੂਮ ਸਾਂਝਾ ਕਰਨ ਦੀ ਚੋਣ ਨਾ ਕਰਨ।

A 7.10 ਹਰੇਕ ਕਮਰੇ ਦਾ ਆਕਾਰ ਘੱਟੋ-ਘੱਟ 3.8 ਮੀਟਰ2 ਗੁਣਾ *ਵਸਨੀਕਾਂ* ਦੀ ਸੰਖਿਆ ਹੁੰਦਾ ਹੈ। ਛੱਤ ਦੀ ਉਚਾਈ ਘੱਟੋ-ਘੱਟ 2.1 ਮੀਟਰ ਹੁੰਦੀ ਹੈ। ਜੇ ਕਮਰਿਆਂ ਨੂੰ ਸਾਂਝੇ ਤੌਰ 'ਤੇ ਵਰਤਿਆ ਜਾਂਦਾ ਹੈ, ਤਾਂ ਨਿਵਾਸੀਆਂ ਦੀ ਵੱਧ ਤੋਂ ਵੱਧ ਸੰਖਿਆ 8 ਵਿਅਕਤੀਆਂ ਦੀ ਹੁੰਦੀ ਹੈ ਭਾਵੇਂ ਕਿੰਨੀ ਵੀ ਜਗ੍ਹਾ ਉਪਲਬਧ ਹੋਵੇ।

A 7.11 ਹਰੇਕ *ਵਸਨੀਕ* ਨੂੰ ਉਸਦਾ ਆਪਣਾ ਬਿਸਤਰਾ ਅਤੇ ਗੱਦਾ ਜਾਂ ਸੌਣ ਦਾ ਗੱਦਾ, ਇੱਕ ਵਿਅਕਤੀਗਤ, ਕੀਮਤੀ ਚੀਜ਼ਾਂ ਨੂੰ ਤਾਲਾਬੰਦ ਕਰਨ ਯੋਗ ਸਟੋਰੇਜ ਜਗ੍ਹਾ, ਹੋਰ ਨਿੱਜੀ ਚੀਜ਼ਾਂ ਲਈ ਵਿਅਕਤੀਗਤ ਸਟੋਰੇਜ ਜਗ੍ਹਾ ਅਤੇ ਉਸਦੇ ਕਮਰੇ ਦੀ ਇੱਕ ਕੁੰਜੀ ਜਾਂ ਬਰਾਬਰ ਦੀ ਚੀਜ਼ ਮੁਹੱਈਆ ਕੀਤੀ ਜਾਂਦੀ ਹੈ। ਹਰੇਕ ਕਮਰੇ ਨੂੰ ਅੰਦਰੋਂ ਅਤੇ ਬਾਹਰੋਂ ਦੋਵਾਂ ਪਾਸਿਆਂ ਤੋਂ ਤਾਲਾਬੰਦ ਕੀਤਾ ਜਾ ਸਕਦਾ ਹੈ।

**ਅਗਾਉਂ (ADVANCED)**

A 7.12 ਸਾਂਝੇ ਕਮਰਿਆਂ ਲਈ, *ਵਸਨੀਕਾਂ* ਦੀ ਨਿੱਜਤਾ ਨੂੰ ਬਿਹਤਰ ਬਣਾਉਣ ਲਈ ਉਪਾਅ ਲਾਗੂ ਕੀਤੇ ਗਏ ਹਨ।

**ਸ੍ਰੇਸ਼ਠ (EXCELLENT)**

A 7.13 *ਕਰਮਚਾਰੀਆਂ* ਲਈ ਵਿਅਕਤੀਗਤ ਕਮਰੇ ਉਪਲਬਧ ਹਨ।

## ਸਾਂਝੀਆਂ ਸਹੂਲਤਾਂ

**ਬੁਨਿਆਦੀ (BASIC)**

A 7.14 *ਰਿਹਾਇਸ਼* ਵਿੱਚ ਖਾਣਾ ਪਕਾਉਣ ਲਈ ਖੇਤਰ ਨਿਰਧਾਰਤ ਕੀਤੇ ਹਨ ਜੋ ਸਾਫ਼ ਅਤੇ ਕੰਮਕਾਜੀ ਸਥਿਤੀ ਵਿੱਚ ਹਨ। ਖਾਣਾ ਪਕਾਉਣਾ ਸਿਰਫ ਨਿਰਧਾਰਤ ਖੇਤਰਾਂ ਵਿੱਚ ਹੀ ਕੀਤਾ ਜਾਂਦਾ ਹੈ। ਖਾਣਾ ਪਕਾਉਣ ਵਾਲੇ ਖੇਤਰਾਂ ਨੂੰ ਕੇਟਰਿੰਗ ਜਾਂ ਇਸਦੇ ਬਰਾਬਰ ਨਾਲ ਬਦਲਿਆ ਜਾ ਸਕਦਾ ਹੈ।

A 7.15 *ਰਿਹਾਇਸ਼* ਵਿੱਚ ਸ਼ਾਵਰ ਅਤੇ ਟਾਇਲਟ ਸਹੂਲਤਾਂ ਸ਼ਾਮਲ ਹਨ, ਜੋ ਲਿੰਗ ਅਨੁਸਾਰ ਵੱਖ-ਵੱਖ ਅਤੇ *ਵਸਨੀਕਾਂ* ਦੀ ਸੰਖਿਆ ਦੇ ਅਨੁਪਾਤ ਅਨੁਸਾਰ ਹੁੰਦੀਆਂ ਹਨ। ਸ਼ਾਵਰ ਦੀਆਂ ਸਹੂਲਤਾਂ ਵਿੱਚ ਗਰਮ ਪਾਣੀ ਹੁੰਦਾ ਹੈ।

**ਅਗਾਉਂ (ADVANCED)**

A 7.16 ਮਨੋਰੰਜਨ ਸਹੂਲਤਾਂ ਮੁਹੱਈਆ ਕੀਤੀਆਂ ਜਾਂਦੀਆਂ ਹਨ।

A 7.17 ਬਿਮਾਰ *ਵਸਨੀਕਾਂ* ਲਈ ਅਨੁਕੂਲ ਆਰਾਮ ਅਤੇ ਦੂਜਿਆਂ ਤੋਂ ਅਲੱਗ ਰਹਿਣ ਲਈ ਢੁਕਵੀਆਂ ਸਹੂਲਤਾਂ ਹਨ।

# ਸ਼ਬਦਾਵਲੀ

***ਰਿਹਾਇਸ਼***

ਰਹਿਣ ਦਾ ਪ੍ਰਬੰਧ (ਸਾਈਟ 'ਤੇ ਜਾਂ ਸਾਈਟ ਤੋਂ ਬਾਹਰ, ਲੰਬੇ ਸਮੇਂ ਲਈ ਜਾਂ ਨਹੀਂ) ਸਪਲਾਇਰ ਦੁਆਰਾ ਜਾਂ ਸਪਲਾਇਰ ਤਰਫ਼ੋਂ ਮੁਹੱਈਆ ਕੀਤਾ ਜਾਂਦਾ ਹੈ, ਜਿਸ ਵਿੱਚ ਰਹਿਣ ਦਾ ਨਿੱਜੀ ਸਥਾਨ ਅਤੇ ਸਾਂਝੀਆਂ ਸਹੂਲਤਾਂ ਸ਼ਾਮਲ ਹੁੰਦੀਆਂ ਹਨ। ਟਰੱਕ ਦੇ ਕੈਬਿਨਾਂ ਨੂੰ *ਰਿਹਾਇਸ਼* ਨਹੀਂ ਮੰਨਿਆ ਜਾਂਦਾ ਹੈ।

***ਸਾਂਝੀ ਸਹੂਲਤ***

*ਰਿਹਾਇਸ਼* ਦੇ ਹਿੱਸੇ ਵਜੋਂ ਮੁਹੱਈਆ ਕੀਤੀ ਗਈ ਸਹੂਲਤ ਜੋ ਦੂਜੇ *ਵਸਨੀਕਾਂ* ਨਾਲ ਸਾਂਝੀ ਕੀਤੀ ਜਾਂਦੀ ਹੈ। ਉਦਾਹਰਨਾਂ ਵਿੱਚ ਸ਼ਾਮਲ ਹਨ: ਸਾਂਝੀਆਂ ਰਸੋਈਆਂ, ਸ਼ਾਵਰ ਅਤੇ ਟਾਇਲਟਾਂ, ਲਾਂਡਰੀ ਦੇ ਖੇਤਰ ਅਤੇ ਮਨੋਰੰਜਨ ਦੇ ਖੇਤਰ।

***ਵਸਨੀਕ***

ਕੋਈ ਵਿਅਕਤੀ ਜੋ*ਰਿਹਾਇਸ਼* ਵਿੱਚ ਰਹਿੰਦਾ ਹੈ। *ਵਸਨੀਕਾਂ* ਵਿੱਚ*ਕਰਮਚਾਰੀ* ਅਤੇ, ਕੁਝ ਮਾਮਲਿਆਂ ਵਿੱਚ, ਉਹਨਾਂ ਦੇ ਪਰਿਵਾਰ ਸ਼ਾਮਲ ਹੁੰਦੇ ਹਨ।

***ਕਰਮਚਾਰੀ***

ਫੁਲ-ਟਾਈਮ ਜਾਂ ਪਾਰਟ-ਟਾਈਮ ਕੰਮ ਕਰ ਰਿਹਾ ਕੋਈ ਵਿਅਕਤੀ। ਇਸ ਵਿੱਚ ਸ਼ਾਮਲ ਹਨ ਪੀਸ ਰੇਟ *ਕਰਮਚਾਰੀ*, ਵਿਵਸਾਇਕ ਸਿਖਲਾਈ ਪ੍ਰਾਪਤ ਕਰਨ ਵਾਲੇ ਅਤੇ ਪ੍ਰੋਬੇਸ਼ਨਰੀ ਮਿਆਦ ਵਿੱਚੋਂ ਲੰਘ ਰਹੇ *ਕਰਮਚਾਰੀ*, ਅਤੇ ਨਾਲ ਹੀ ਸਬ-ਠੇਕੇਦਾਰ *ਕਰਮਚਾਰੀ* ਜੋ ਸਾਈਟ 'ਤੇ ਪ੍ਰਤੀ ਹਫ਼ਤਾ ਅਠਾਰਾਂ (18) ਘੰਟੇ ਜਾਂ ਵੱਧ ਕੰਮ ਕਰਦੇ ਹਨ।